# ਦਫਤਰ ਜਿਲਾ ਸਿਖਿਆ ਅਫ਼ਸਰ(ਸੈ.ਸਿ) ਬਠਿੰਡਾ

ਵੱਲ

ਸੰਬਧਤ ਸਕੂਲ ਮੁਖੀ

ਸਸਸਸ/ਸਹਸ ਜਿਲਾ ਬਠਿੰਡਾ।

ਪੱਤਰ ਨੰ: ਅ-4/1( )2025/ 519

ਮਿਤੀ: 06/02/2025

ਵਿਸ਼ਾ: ਵਿਭਾਗ ਵੱਲੋਂ ਜਾਰੀ ਰੂਲ 2018 ਅਨੁਸਾਰ ਖੇਤਰੀ ਦਫਤਰਾਂ ਵਿਚ ਕੰਮ ਕਰਦੇ ਲਾਇਬਰੇਰੀਅਨ/ਸਕੂਲ ਲਾਇਬਰੇਰੀਅਨ [redacted] ਦੀ ਸੀਨੀਆਰਤਾ ਸੂਚੀ ਤਿਆਰ ਕਰਨ ਸੰਬਧੀ।

ਉਪਰੋਕਤ ਵਿਸ਼ੇ ਸੰਬਧੀ ਸਾਲ 2018 ਦੇ ਰੂਲਾਂ ਅਨੁਸਾਰ ਖੇਤਰੀ ਦਫਤਰਾਂ ਵਿਚ ਕੰਮ ਕਰਦੇ ਲਾਇਬਰੇਰੀਅਨ/ਸਕੂਲ ਲਾਇਬਰੇਰੀਅਨ ਦੀ ਸੀਨੀਆਤਰਾ ਸੂਚੀ ਬਾਰਡਰ ਅਤੇ ਨਾਨ ਬਾਰਡਰ ਏਰੀਆ ਦੀ ਆਪਸ਼ਨ ਦੇ ਆਧਾਰ ਤੇ ਤਿਆਰ ਕੀਤੀ ਜਾਣੀ ਹੈ।ਇਸ ਲਈ ਨਾਲ ਨੱਥੀ ਪੱਤਰ ਦੀ ਪਾਲਣਾ ਕਰਦੇ ਹੋਏ ਦਿੱਤੇ ਪ੍ਰੋਫਾਰਮੇ ਵਿਚ ਅਪਡੇਟਡ ਵੇਰਵੇ ਭਰਕੇ ਸਮੇਤ ਆਪਸ਼ਨ ਇਸ ਦਫਤਰ ਵਿਖੇ ਕਮਰਾ ਨੰ: 450 ਵਿਚ ਮਿਤੀ **10.2.2025** ਤੱਕ ਹਰ ਹਾਲ ਵਿਚ ਭੇਜਣੀ ਯਕੀਨੀ ਬਣਾਈ ਜਾਵੇ ਤਾਂ ਜ਼ੋ 2018 ਦੇ ਰੂਲਾਂ ਅਨੁਸਾਰ ਸੀਨੀਆਰਤਾ ਸੂਚੀ ਤਿਆਰ ਕੀਤੀ ਜਾ ਸਕੇ।ਜੇਕਰ ਨਿਰਧਾਰਤ ਮਿਤੀ ਤੱਕ ਲਾਇਬਰੇਰੀਅਨ/ਸਕੂਲ ਲਾਇਬਰੇਰੀਅਨ ਦੁਆਰਾ ਆਪਣੀ ਆਪਸ਼ਨ ਨਹੀ ਭੇਜੀ ਜਾਂਦੀ ਤਾਂ ਆਪਸ਼ਨ ਨਾ ਭੇਜਣ ਵਾਲੇ ਕਰਮਚਾਰੀਆਂ ਨੂੰ ਨਾਨ ਬਾਰਡਰ ਏਰੀਆਂ ਸਮਝ ਲਿਆ ਜਾਵੇਗਾ ਅਤੇ ਬਾਅਦ ਵਿਚ ਇਸ ਸੰਬਧੀ ਕੋਈ ਵੀ ਸੁਣਵਾਈ ਨਹੀ ਹੋਵੇਗੀ।ਇਸ ਦੀ ਜਿੰਮੇਵਾਰੀ ਸੰਬਧਤ ਕਰਮਚਾਰੀ ਦੀ ਹੋਵੇਗੀ।

**ਸਕੂਲ ਡੀਡੀਓ ਆਪਣੇ ਅਧੀਨ ਕੰਮ ਕਰਦੇ** ਲਾਇਬਰੇਰੀਅਨ/ਸਕੂਲ ਲਾਇਬਰੇਰੀਅਨ **ਨੂੰ ਪੱਤਰ ਨੋਟ ਕਰਵਾਉਣ ਅਤੇ ਇਸ ਸੰਬਧੀ ਕਾਰਵਾਈ ਕਰਨ ਲਈ ਪਾਬੰਦ ਕਰਨਾ ਯਕੀਨੀ ਬਣਾਂਉਣਗੇ।**

ਨੱਥੀ: ਪੱਤਰ ਦੀ ਕਾਪੀ।

6/2/25

ਜਿਲਾ ਸਿਖਿਆ ਅਫਸਰ(ਸੈ .ਸਿ)
ਬਠਿੰਡਾ

Scanned with OKEN Scanner

ਦਫ਼ਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ

(ਦਫ਼ਤਰੀ ਅਮਲਾ ਸ਼ਾਖਾ) (ਈ-ਮੇਲ ਆਈ.ਡੀ. medpipunjab@punjabeducation.gov.in)

(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੌਥੀ ਮੰਜਿਲ)

ਸੇਵਾ ਵਿਖੇ

ਸਮੂਹ ਜਿਲਾ ਸਿੱਖਿਆ ਅਫਸਰ (ਸੈਸਿ/ ਐਸਿ),
ਪੰਜਾਬ।

ਮੀਮੋ ਨੰ:ਃ 837641/202531928

ਮਿਤੀ, ਐਸ.ਏ.ਐਸ.ਨਗਰ- 03.02.2025

ਵਿਸ਼ਾ- ਵਿਭਾਗ ਵੱਲੋਂ ਜਾਰੀ ਰੂਲ 2018 ਅਨੁਸਾਰ ਖੇਤਰੀ ਦਫਤਰਾਂ ਵਿੱਚ ਕੰਮ ਕਰਦੇ ਲਾਇਬ੍ਰੇਰੀਅਨ/ ਸਕੂਲ ਲਾਇਬ੍ਰੇਰੀਅਨ ਦੀ ਸੀਨੀਆਰਤਾ ਸੂਚੀ ਤਿਆਰ ਕਰਨ ਸਬੰਧੀ।

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਵਿਭਾਗ ਵੱਲੋਂ ਮਿਤੀ 12-09-2018 ਰਾਹੀਂ ਲਾਇਬ੍ਰੇਰੀਅਨ/ ਸਕੂਲ ਲਾਇਬ੍ਰੇਰੀਅਨ (ਖੇਤਰੀ ਦਫਤਰ) ਦੀ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਸੀ।

2. ਵਿਭਾਗ ਵੱਲੋਂ ਸਾਲ 2018 ਵਿੱਚ ਨਵੇਂ ਬਣਾਏ ਗਏ ਰੂਲ the Punjab Education Department Ministerial and Non-Teaching staff (Boarder Area) Group C Service Rules, 2018 and the Punjab Education Department Ministerial and Non-Teaching staff (Subordinate Offices) Group C Service Rules, 2018 ਅਨੁਸਾਰ ਖੇਤਰੀ ਦਫਤਰਾਂ ਵਿੱਚ ਕੰਮ ਕਰਦੇ ਲਾਇਬ੍ਰੇਰੀਅਨ/ ਸਕੂਲ ਲਾਇਬ੍ਰੇਰੀਅਨ ਦੀ ਸੀਨੀਆਰਤਾ ਸੂਚੀ ਨੂੰ ਬਾਰਡਰ ਜਿਲੇ (ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜਪੁਰ, ਫਾਜਿਲਕਾ, ਤਰਨਤਾਰਨ ਅਤੇ ਪਠਾਨਕੋਟ) ਅਤੇ ਨਾਨ-ਬਾਰਡਰ (ਬਾਕੀ ਜਿਲੇ) ਅਨੁਸਾਰ ਤਿਆਰ ਕਰਨ ਦਾ ਉਪਬੰਧ ਕੀਤਾ ਗਿਆ ਹੈ।

3. ਸਾਲ 2018 ਦੇ ਰੂਲਾਂ ਅਨੁਸਾਰ ਸੀਨੀਆਰਤਾ ਸੂਚੀ ਨੂੰ ਬਾਰਡਰ ਅਤੇ ਨਾਨ-ਬਾਰਡਰ ਅਨੁਸਾਰ ਤਿਆਰ ਕਰਨ ਤੋਂ ਪਹਿਲਾਂ ਕਰਮਚਾਰੀਆਂ ਵੱਲੋਂ ਬਾਰਡਰ ਜਾਂ ਨਾਨ ਬਾਰਡਰ ਜਿਲੇ ਦੀ ਆਪਸ਼ਨ ਦਿੱਤੀ ਜਾਣੀ ਹੈ।

4. ਇਸ ਲਈ ਵਿਭਾਗ ਵੱਲੋਂ ਮਿਤੀ 12-09-2018 ਰਾਹੀਂ ਲਾਇਬ੍ਰੇਰੀਅਨ/ ਸਕੂਲ ਲਾਇਬ੍ਰੇਰੀਅਨ (ਖੇਤਰੀ ਦਫਤਰ) ਦੀ ਸੀਨੀਆਰਤਾ ਸੂਚੀ ਦੀ ਕਾਪੀ ਨਾਲ ਨੱਥੀ ਕਰਕੇ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਸੀਨੀਆਰਤਾ ਸੂਚੀ ਵਿੱਚ ਦਰਜ ਕਰਮਚਾਰੀਆਂ ਦੇ ਵੇਰਵਿਆਂ ਅਨੁਸਾਰ ਆਪ ਦੇ ਜਿਲੇ ਵਿੱਚ ਸੇਵਾ ਨਿਭਾ ਰਹੇ ਲਾਇਬ੍ਰੇਰੀਅਨ/ ਸਕੂਲ ਲਾਇਬ੍ਰੇਰੀਅਨ ਕਰਮਚਾਰੀਆਂ ਤੋਂ ਸਾਲ 2018 ਦੇ ਰੂਲਾਂ ਅਨੁਸਾਰ ਬਾਰਡਰ ਜਾਂ ਨਾਨ ਬਾਰਡਰ ਜਿਲੇ ਦੀ ਆਪਸ਼ਨ ਲੈ ਕੇ ਹੇਠ ਲਿਖੇ ਦਰਸਾਏ ਪ੍ਰੋਫਾਰਮੇ ਵਿੱਚ updated ਵੇਰਵੇ (ਜਿਵੇਂ ਕਿ ਕੰਮ ਕਰਨ ਦਾ ਸਥਾਨ, ਜਿਲਾ ਆਦਿ) ਦਰਜ ਕਰਕੇ ਤੁਰੰਤ ਇਸ ਦਫਤਰ ਨੂੰ ਭੇਜੇ ਜਾਣ ਤਾਂ ਜੋ ਸਾਲ 2018 ਦੇ ਰੂਲਾਂ ਅਨੁਸਾਰ ਲਾਇਬ੍ਰੇਰੀਅਨ/ ਸਕੂਲ ਲਾਇਬ੍ਰੇਰੀਅਨ (ਖੇਤਰੀ ਦਫਤਰ) ਦੀ ਸੀਨੀਆਰਤਾ ਸੂਚੀ ਤਿਆਰ ਕੀਤੀ ਜਾ ਸਕੇਃ

| Sr No | Final Seniority Number as per dated 12-09-2018 | Name | Father Name | School Name | District Name | Gender | DOB | Caste | Disability | Designation | Merit | Date of Appointment | Date of regular Joining | Mode of appointment | Date of joining in previous cadre | Remarks | ਬਾਰਡਰ ਜਾਂ ਨਾਨ ਬਾਰਡਰ ਦੇ ਜਿਲੇ ਦੀ ਆਪਸ਼ਨ |
|---|---|---|---|---|---|---|---|---|---|---|---|---|---|---|---|---|---|
| | | | | | | | | | | | | | | | | | |

5. ਮਿਤੀ 12-09-2018 ਰਾਹੀ ਜਾਰੀ ਸੀਨੀਆਰਤਾ ਸੂਚੀ ਦੇ ਆਖਰੀ ਕਰਮਚਾਰੀ ਤੋਂ ਬਾਅਦ ਨਵੇਂ ਪਦਉਨਤ/ਭਰਤੀ ਹੋਏ ਕਰਮਚਾਰੀਆਂ (ਸੇਵਾ ਨਿਭਾ ਰਹੇ ਜਾਂ ਰਿਟਾਇਰ ਹੋ ਚੁੱਕੇ ਕਰਮਚਾਰੀ) ਦੇ ਵੇਰਵੇ ਵੀ ਭੇਜੇ ਜਾਣ। ਸੇਵਾ ਨਿਭਾ ਰਹੇ ਕਰਮਚਾਰੀਆਂ ਪਾਸੋਂ ਬਾਰਡਰ ਜਾਂ ਨਾਨ ਬਾਰਡਰ ਜਿਲੇ ਦੀ ਆਪਸ਼ਨ ਲੈਣ ਉਪਰੰਤ ਉਕਤ ਪ੍ਰੋਫਾਰਮੇ ਵਿੱਚ ਭਰ ਕੇ ਭੇਜਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਸੀਨੀਆਰਤਾ ਸੂਚੀ ਨੂੰ ਅਪਡੇਟ ਕੀਤਾ ਜਾ ਸਕੇ।

6. ਮਿਤੀ 12-09-2018 ਰਾਹੀ ਜਾਰੀ ਸੀਨੀਆਰਤਾ ਸੂਚੀ ਵਿੱਚ ਰਿਟਾਇਰ ਹੋ ਚੁੱਕੇ ਕਰਮਚਾਰੀਆਂ ਦੇ updated ਵੇਰਵੇ (ਜਿਵੇਂ ਕਿ ਕੰਮ ਕਰਨ ਦਾ ਸਥਾਨ, ਜਿਲਾ ਆਦਿ) ਉਕਤ ਪ੍ਰੋਫਾਰਮੇ ਵਿੱਚ ਭਰ ਕੇ ਭੇਜੇ ਜਾਣ ਅਤੇ ਵਿਸ਼ੇਸ਼ ਕਥਨ ਵਿੱਚ ਰਿਟਾਇਰ ਲਿਖਣਾ ਯਕੀਨੀ ਬਣਾਇਆ ਜਾਵੇ।

7. ਸਾਲ 2018 ਦੇ ਰੂਲਾਂ ਅਨੁਸਾਰ ਜੇਕਰ ਆਪ ਦੇ ਜਿਲੇ ਵਿੱਚ ਸੇਵਾ ਨਿਭਾ ਰਹੇ ਕਰਮਚਾਰੀ ਵਲੋ ਕੋਈ ਵੀ ਆਪਸ਼ਨ ਨਹੀ ਦਿੱਤੀ ਜਾਂਦੀ ਤਾਂ ਉਸ ਦੀ ਆਪਸ਼ਨ ਮੌਜੂਦਾ ਜਿਲੇ ਵਿੱਚ ਤੈਨਾਤੀ ਅਨੁਸਾਰ ਮੰਨੀ ਜਾਵੇਗੀ।

8. ਇੱਥੇ ਇਹ ਸਪਸ਼ੱਟ ਕੀਤਾ ਜਾਂਦਾ ਹੈ ਕਿ ਵਿਭਾਗ ਵਲੋਂ ਜਾਰੀ 2018 ਦੇ ਰੂਲਾਂ ਵਿੱਚ ਕੀਤੇ ਗਏ ਉਪਬੰਧਾਂ ਅਨੁਸਾਰ ਕਰਮਚਾਰੀ ਵੱਲੋਂ ਬਾਰਡਰ ਜਾਂ ਨਾਨ ਬਾਰਡਰ ਵਿੱਚ ਇੱਕ ਵਾਰ ਆਪਸਨ ਦੇਣ ਉਪਰੰਤ ਉਸ ਨੂੰ ਬਦਲਿਆ ਨਹੀ ਜਾ ਸਕੇਗਾ।

9. ਉਕਤ ਮੰਗੀ ਗਈ ਸੂਚਨਾਂ ਉਕਤ ਪ੍ਰੋਫਾਰਮੇ ਵਿੱਚ ਭਰ ਕੇ ਮਿਤੀ 10-02-2025 ਤੱਕ ਇਸ ਦਫਤਰ ਨੂੰ ਦਸਤੀ ਇਸ ਦਫਤਰ ਵਿਖੇ ਭੇਜਣੀ ਯਕੀਨੀ ਬਣਾਈ ਜਾਵੇ।

10. ਜੇਕਰ ਆਪ ਦੇ ਜਿਲੇ ਵਿੱਚ ਸੇਵਾ ਨਿਭਾ ਰਹੇ ਜਾਂ ਰਿਟਾਇਰ ਹੋ ਚੁੱਕੇ ਕਰਮਚਾਰੀ ਦੇ ਵੇਰਵੇ ਭੇਜਣ ਤੋ ਰਹਿ ਜਾਂਦੇ ਹਨ ਤਾਂ ਉਸ ਦੀ ਨਿਰੋਲ ਜਿੰਮੇਵਾਰੀ ਆਪ ਦੀ ਖੁਦ ਦੀ ਹੋਵੇਗੀ।

ਸਹਾਇਕ ਡਾਇਰੈਕਟਰ (ਦਫਤਰੀ ਅਮਲਾ)

Scanned with OKEN Scanner

2018 ਦੇ ਰੂਲਾਂ ਅਨੁਸਾਰ ਬਾਰਡਰ ਜਾਂ ਨਾਨ ਬਾਰਡਰ ਜਿਲੇ ਦੀ ਆਪਸ਼ਨ ਲੈ ਕੇ ਹੇਠ ਲਿਖੇ ਦਰਸਾਏ ਪ੍ਰੋਫਾਰਮੇ ਵਿੱਚ updated ਵੇਰਵੇ (ਜਿਵੇਂ ਕਿ ਕੰਮ ਕਰਨ ਦਾ ਸਥਾਨ, ਜਿਲਾ ਆਦਿ) ਦਰਜ ਕਰਕੇ ਤੁਰੰਤ ਇਸ ਦਫਤਰ ਨੂੰ ਭੇਜੇ ਜਾਣ ਤਾਂ ਜੋ ਸਾਲ 2018 ਦੇ ਰੂਲਾਂ ਅਨੁਸਾਰ ਲਾਇਬ੍ਰੇਰੀਅਨ/ ਸਕੂਲ ਲਾਇਬ੍ਰੇਰੀਅਨ (ਖੇਤਰੀ ਦਫਤਰ) ਦੀ ਸੀਨੀਆਰਤਾ ਸੂਚੀ ਤਿਆਰ ਕੀਤੀ ਜਾ ਸਕੇ:

| Sr No | Final Seniority Number as per dated 12-09-2018 | Name | Father Name | School Name | District Name | Gender | DOB | Caste | Disability | Designation | Merit | Date of Appointment | Date of regular Joining | Mode of appointment | Date of joining in previous cadre | Remarks | ਬਾਰਡਰ ਜਾਂ ਨਾਨ ਬਾਰਡਰ ਦੇ ਜਿਲੇ ਦੀ ਆਪਸ਼ਨ |
|---|---|---|---|---|---|---|---|---|---|---|---|---|---|---|---|---|---|
| | | | | | | | | | | | | | | | | | |